ਕਿੰਗ ਕਾਊਂਟੀ ਵਿਵਹਾਰਕ ਸਿਹਤ ਸੰਗਠਨ

ਗ੍ਰਾਹਕ ਦੇ ਅਧਿਕਾਰ

ਸਮਾਜ ਵਿੱਚ ਜਨ-ਵਿੱਤਪੋਸ਼ਿਤ ਵਿਵਹਾਰਕ ਸਿਹਤ ਸੇਵਾਵਾਂ ਪ੍ਰਾਪਤ ਕਰ ਰਹੇ ਇੱਕ ਵਿਅਕਤੀ ਦੇ ਤੌਰ 'ਤੇ ਮੇਰੇ ਕੀ ਅਧਿਕਾਰ ਹਨ?

ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ:

- ਆਦਰ, ਮਾਣ, ਅਤੇ ਗੁਪਤਤਾ ਨਾਲ ਇਲਾਜ ਕੀਤੇ ਜਾਣ ਦਾ
- ਤੁਹਾਡੀ ਦੇਖਭਾਲ ਬਾਰੇ ਫੈਸਲੇ ਲੈਣ ਸੰਬੰਧੀ ਸਹਾਇਤਾ ਦਾ, ਜਿਸ ਵਿੱਚ ਇਲਾਜ ਤੋਂ ਇਨਕਾਰ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ
- ਕਿਸੇ ਤਰ੍ਹਾਂ ਦੇ ਜਿਨਸੀ ਸ਼ੋਸ਼ਣ ਜਾਂ ਪਰੇਸ਼ਾਨੀ ਤੋਂ ਮੁਕਤ ਰਹਿਣ ਦਾ
- ਇੱਕ ਰੁਕਾਵਟ-ਮੁਕਤ ਸਥਾਨ (ਪਹੁੰਚਯੋਗ) 'ਤੇ ਸੇਵਾਵਾਂ ਪ੍ਰਾਪਤ ਕਰਨ ਦਾ
- ਉਮਰ ਅਤੇ ਸੱਭਿਆਚਾਰਕ ਤੌਰ 'ਤੇ ਉਚਿਤ ਸੇਵਾਵਾਂ ਪ੍ਰਾਪਤ ਕਰਨ ਦਾ
- ਤੁਹਾਡੇ ਵੱਲੋਂ ਮੰਗੀ ਗਈ ਜਾਣਕਾਰੀ ਪ੍ਰਾਪਤ ਕਰਨ ਦਾ ਅਤੇ ਤੁਹਾਡੀ ਪਸੰਦ ਦੀ ਭਾਸ਼ਾ ਜਾਂ ਸਰੂਪ ਵਿੱਚ ਸਹਾਇਤਾ ਦਾ
- ਬਿਨਾਂ ਖਰਚ ਦੇ ਤੁਹਾਨੂੰ ਇੱਕ ਪ੍ਰਮਾਣਿਤ ਦੁਭਾਸ਼ੀਆ ਅਤੇ ਅਨੁਵਾਦਿਤ ਸਮੱਗਰੀ ਪ੍ਰਦਾਨ ਕੀਤੇ ਜਾਣ ਦਾ
- ਅਜਿਹੀ ਦੇਖਭਾਲ ਪ੍ਰਾਪਤ ਕਰਨ ਦਾ ਜਿਸ ਦੌਰਾਨ ਤੁਹਾਡੇ ਨਾਲ ਵਿਤਕਰਾ ਨਾ ਕੀਤਾ ਜਾਂਦਾ ਹੋਵੇ (ਉਦਾਹਰਣ ਵਜੋਂ ਉਮਰ, ਨਸਲ, ਰੋਗ ਦੀ ਕਿਸਮ)
- ਕਠੋਰਤਾ ਜਾਂ ਤਨਹਾਈ ਤੋਂ ਮੁਕਤੀ ਦਾ
- BHO ਦੀ ਬਣਤਰ ਅਤੇ ਸੰਚਾਲਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ
- ਉਪਲਬਧ ਵਿਵਹਾਰਕ ਸਿਹਤ ਫਾਇਦਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ
- ਵਿਵਹਾਰਕ ਸਿਹਤ ਦੇਖਭਾਲ ਸੰਬੰਧੀ ਮਰੀਜ਼ ਦੇ ਅਧਿਕਾਰਾਂ ਦੀ ਇੱਕ ਨਕਲ ਪ੍ਰਾਪਤ ਕਰਨ ਦਾ
- Medicaid ਦੇ ਅੰਤਰਗਤ ਸ਼ਾਮਲ ਜਾਣਕਾਰੀ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ, ਜਿਨ੍ਹਾਂ ਦੀ ਤੁਸੀਂ ਮੰਗ ਕਰਦੇ ਹੋ
- ਮੈਡੀਕਲ ਤੌਰ 'ਤੇ ਆਵੱਸ਼ਕ ਗੁਣਵੱਤਾ-ਭਰਪੂਰ ਸੇਵਾਵਾਂ ਪ੍ਰਾਪਤ ਕਰਨ ਦਾ
- ਤੁਹਾਡੇ ਲਈ ਲੋੜੀਂਦੀਆਂ ਸੇਵਾਵਾਂ ਦੀ ਮਾਤਰਾ ਅਤੇ ਅਵਧੀ ਪ੍ਰਾਪਤ ਕਰਨ ਦਾ
- ਉਪਲਬਧ ਇਲਾਜ ਸੰਬੰਧੀ ਚੋਣਾਂ ਅਤੇ ਵਿਕਲਪਾਂ ਬਾਰੇ ਸਮਝਾਏ ਜਾਣ ਦਾ
- ਤਜਵੀਜ਼ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਅਤੇ ਉਨ੍ਹਾਂ ਦੇ ਸੰਭਵ ਬੁਰੇ ਪ੍ਰਭਾਵਾਂ ਬਾਰੇ ਸਮਝਾਏ ਜਾਣ ਦਾ
- ਹੰਗਾਮੀ ਜਾਂ ਜ਼ਰੂਰੀ ਦੇਖਭਾਲ ਜਾਂ ਸੰਕਟ ਸੇਵਾਵਾਂ ਪ੍ਰਾਪਤ ਕਰਨ ਦਾ
- ਅਜਿਹੀਆਂ ਹੰਗਾਮੀ ਜਾਂ ਜ਼ਰੂਰੀ ਦੇਖਭਾਲ ਜਾਂ ਸੰਕਟ ਸੇਵਾਵਾਂ ਪ੍ਰਾਪਤ ਕਰਨ 'ਤੇ ਸਥਿਰਤਾ ਤੋਂ ਬਾਅਦ ਦੀਆਂ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਦਾ ਜਿਨ੍ਹਾਂ ਦਾ ਨਤੀਜਾ ਹਸਪਤਾਲ ਵਿੱਚ ਦਾਖ਼ਲ ਕਰਨ ਵਜੋਂ ਨਿਕਲਦਾ ਹੈ
- ਜੇਕਰ ਤੁਸੀਂ ਆਪਣੇ ਪ੍ਰਦਾਤਾ ਨਾਲ ਅਸਹਿਮਤ ਹੁੰਦੇ ਹੋ ਤਾਂ ਤੁਹਾਡੇ BHO ਖੇਤਰ ਵਿੱਚ ਕਿਸੇ ਮਾਨਸਿਕ ਸਿਹਤ ਪੇਸ਼ਾਵਰ ਤੋਂ ਦੂਜੀ ਰਾਇ ਪ੍ਰਾਪਤ ਕਰਨ ਦਾ
- ਇੱਕ ਮਾਨਸਿਕ ਸਿਹਤ ਪੇਸ਼ਗੀ ਨਿਰਦੇਸ਼ ਦੇਣ ਦਾ ਜਿਸ ਵਿੱਚ ਮਾਨਸਿਕ ਸਿਹਤ ਦੇਖਭਾਲ ਲਈ ਤੁਹਾਡੀਆਂ ਪਸੰਦਾਂ ਅਤੇ ਪ੍ਰਾਥਮਿਕਤਾਵਾਂ ਲਿਖਿਆਂ ਹੋਣ
- ਮੈਡੀਕਲ ਪੇਸ਼ਗੀ ਨਿਰਦੇਸ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ

- ਕਿਸੇ ਪ੍ਰਸਤਾਵਿਤ ਇਲਾਜ ਤੋਂ ਇਨਕਾਰ ਕਰਨ ਦਾ
- ਆਪਣੇ ਲਈ ਅਤੇ ਆਪਣੇ ਬੱਚੇ (ਜੇਕਰ ਤੁਹਾਡੇ ਬੱਚੇ ਦੀ ਉਮਰ 13 ਸਾਲਾਂ ਤੋਂ ਘੱਟ ਹੈ) ਲਈ ਇੱਕ ਪ੍ਰਦਾਤਾ ਚੁਣਨ ਦਾ
- ਕਿਸੇ ਵੀ ਸਮੇਂ ਆਪਣੇ ਪ੍ਰਦਾਤਾਵਾਂ ਜਾਂ ਕੇਸ ਪ੍ਰਬੰਧਕਾਂ ਨੂੰ ਬਦਲਣ ਦਾ ਅਤੇ ਕਿਸੇ ਸ਼ਿਕਾਇਤ , ਅਪੀਲ, ਜਾਂ ਨਿਰਪੱਖ ਸੁਣਵਾਈ ਦਰਜ ਕਰਵਾਉਣ ਵਿੱਚ ਕਿਸੇ ਲੋਕਪਾਲ ਦੀਆਂ ਸੇਵਾਵਾਂ ਪ੍ਰਾਪਤ ਕਰਨ ਦਾ
- ਜੇਕਰ ਸੇਵਾਵਾਂ ਤੋਂ ਇਨਕਾਰ ਕੀਤਾ ਜਾਂਦਾ ਹੈ, ਸੇਵਾਵਾਂ ਨੂੰ ਸੀਮਿਤ, ਘਟਾਇਆ, ਰੱਦ, ਜਾਂ ਬਰਖਾਸਤ ਕੀਤਾ ਜਾਂਦਾ ਹੈ ਜਾਂ ਤੁਸੀਂ ਪਲੈਨ ਨਾਲ ਅਸਹਿਮਤ ਹੋ, ਤਾਂ BHO ਤੋਂ ਇੱਕ ਲਿਖਤੀ ਸੇਵਾ ਵਿੱਚ ਬਦਲਾਅ (ਕਾਰਜ) ਦਾ ਨੋਟਿਸ ਪ੍ਰਾਪਤ ਕਰਨ ਦਾ
- ਜੇਕਰ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਸ਼ਿਕਾਇਤ ਦਰਜ ਕਰਨ, ਅਪੀਲ ਕਰਨ ਜਾਂ ਪ੍ਰਬੰਧਕ ਸੁਣਵਾਈ ਦਾ
- ਸੰਕਟ ਫ਼ੋਨ ਨੰਬਰਾਂ ਦਾ ਸੂਚੀ ਪ੍ਰਾਪਤ ਕਰਨ ਦਾ
- ਆਪਣੇ BHO ਵਿਚਲੇ ਪ੍ਰਦਾਤਾਵਾਂ ਦਾ ਨਾਮ, ਪਤਾ, ਟੈਲੀਫ਼ੋਨ ਨੰਬਰ ਅੰਗ੍ਰੇਜ਼ੀ ਤੋਂ ਇਲਾਵਾ ਜਿਸ ਕਿਸੇ ਵੀ ਭਾਸ਼ਾ ਵਿੱਚ ਪੇਸ਼ ਕੀਤੇ ਜਾਂਦੇ ਹਨ, ਸਾਲਾਨਾ ਜਾਂ ਜਦੋਂ ਵੀ ਤੁਸੀਂ ਬੇਨਤੀ ਕਰਦੇ ਹੋ, ਪ੍ਰਾਪਤ ਕਰਨ ਦਾ
- ਆਪਣੇ ਮੈਡੀਕਲ ਰਿਕਾਰਡਾਂ ਦੀ ਨਕਲ ਪ੍ਰਾਪਤ ਕਰਨ ਦਾ ਅਤੇ ਉਨ੍ਹਾਂ ਵਿੱਚ ਸੋਧ ਕਰਨ ਜਾਂ ਦਰੁਸਤ ਕਰਨ ਦੀ ਬੇਨਤੀ ਕਰਨ ਦਾ
- ਆਪਣੇ ਸਿਹਤ ਸੰਬੰਧੀ ਰਿਕਾਰਡਾਂ ਦੀ ਨਕਲ ਲਈ ਬੇਨਤੀ ਕਰਨ ਦਾ ਅਤੇ ਪ੍ਰਾਪਤ ਕਰਨ ਦਾ। ਤੁਹਾਨੂੰ ਨਕਲਾਂ ਲਈ ਖਰਚ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ।

ਵਧੇਰੇ ਜਾਣਕਾਰੀ ਲਈ ਤੁਸੀਂ http:// www.hhs.gov/ocr 'ਤੇ ਨਾਗਰਿਕ ਅਧਿਕਾਰਾਂ ਦੇ ਦਫ਼ਤਰ ਨਾਲ ਸੰਪਰਕ ਵੀ ਕਰ ਸਕਦੇ ਹੋ